# ਦਫ਼ਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਬਠਿੰਡਾ

ਵੱਲ

ਸਕੂਲ ਮੁੱਖੀ ਸਾਹਿਬਾਨ,
ਸਮੂਹ ਸਰਕਾਰੀ/ ਏਡਿਡ ਅਤੇ ਪ੍ਰਾਈਵੇਟ ਸਕੂਲਜ
ਜਿਲ੍ਹਾ ਬਠਿੰਡਾ।

ਪੱਤਰ ਨੰ: ਜੀ-1/ ( ) 2024-25/ 915 ਮਿਤੀ: 28.11.2024

ਵਿਸ਼ਾ- **ਜਾਦੂਗਰ ਸੰਨੀ ਸਮਰਾਟ ਦੀ ਜਾਦੂ ਕਲਾ ਦੇ ਪ੍ਰਦਰਸ਼ਨ ਰਾਹੀਂ ਵਿਦਿਆਰਥੀਆਂ ਨੂੰ ਸਿਹਤਮੰਦ ਮਨੋਰੰਜਨ ਅਤੇ ਸਮਾਜ ਵਿੱਚ ਫੈਲੀਆ ਬੁਰਾਈਆਂ ਦੇ ਪ੍ਰਤੀ ਜਾਗਰੂਕ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਜਾਦੂਗਰ ਸੰਨੀ ਸਮਰਾਟ ਵੱਲੋਂ ਉੱਡਾਂਗ ਸਿਨੇਮਾ, ਅਮਰੀਕ ਸਿੰਘ ਰੋਡ, ਬਠਿੰਡਾ ਵਿਖੇ ਜਾਦੂ ਦੇ ਸ਼ੋਅ ਦਾ ਆਯੋਜਨ ਕੀਤਾ ਗਿਆ ਹੈ। ਇਹ ਸ਼ੋਅ ਬੱਚਿਆਂ ਦੇ ਸਿਹਤਮੰਦ ਮਨੋਰੰਜਨ ਦੇ ਨਾਲ ਸਮਾਜ ਵਿੱਚ ਫੈਲੀਆਂ ਕੁਰਤੀਆਂ, ਅੰਧ-ਵਿਸ਼ਵਾਸ਼, ਕੰਨਿਆ ਭਰੂਣ ਹੱਤਿਆ, ਨਸ਼ਾਖੋਰੀ ਆਦਿ ਪ੍ਰਤੀ ਜਗਰੂਪ ਪੈਦਾ ਕੀਤੀ ਜਾਵੇਗੀ। ਜਾਦੂ ਦੇ ਸ਼ੋਅ ਦੀ ਟਿਕਟ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਵਿਸ਼ੇਸ਼ ਰਿਆਇਤੀ ਦਿੱਤੀ ਜਾ ਰਹੀ ਹੈ। ਜੋ ਬੱਚੇ ਇਸ ਸ਼ੋਅ ਨੂੰ ਦੇਖਣ ਦੇ ਚਾਹਵਾਣ ਹੋਣ ਉਨਾਂ ਨੂੰ ਹੀ ਇਹ ਸ਼ੋਅ ਦਿਖਾਉਣ ਦੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਵਿਘਨ ਨਾ ਪਵੇ। ਕਿਸੇ ਵੀ ਵਿਦਿਆਰਥੀ ਨੂੰ ਸ਼ੋਅ ਦੇਖਣ ਲਈ ਮਜਬੂਰ ਨਾ ਕੀਤਾ ਜਾਵੇ।

ਇਸ ਸੰਬੰਧੀ ਮਾਣਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟ੍ਰੇਟ, ਬਠਿੰਡਾ ਜੀ ਵੱਲੋਂ ਜਾਰੀ ਪੱਤਰ ਨੰ: ਐਮ.ਏ.2/ਐਮ.ਸੀ-6/ 4693 ਮਿਤੀ: 28.11.2024 ਜਾਰੀ ਹਦਾਇਤਾਂ/ ਸ਼ਰਤਾਂ ਲਾਗੂ ਹੋਣਗੀਆਂ। ਵਧੇਰੇ ਜਾਣਕਾਰੀ ਲਈ ਪ੍ਰਬੰਧਕ ਨਾਲ ਮੋਬਾਇਲ ਨੰ.92547-00022 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਜਿਲ੍ਹਾ ਸਿੱਖਿਆ ਅਫਸਰ (ਸੈਸਿ)**
**ਬਠਿੰਡਾ।**

ਉਪਰੋਕਤ ਦਾ ਉਤਾਰਾ ਸ਼ੋਅ ਪ੍ਰਬੰਧਕ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

CamScanner

ਪਿੱਠ ਅੰਕਣ ਨੰਬਰ: ਐਮ.ਏ.2/ਐਮ.ਸੀ.6/ ਮਿਤੀ ......................

ਉਪਰੋਕਤ ਦਾ ਉਤਾਰਾ:-

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਪਾਸ ਉਹਨਾਂ ਦੇ ਪੱਤਰ ਨੰ: 97240/ਸਬ ਮਿਤੀ 07-10-24 ਦੇ ਸਬੰਧ ਵਿੱਚ।
2. ਕਮਿਸ਼ਨਰ ਨਗਰ ਨਿਗਮ, ਬਠਿੰਡਾ, ਪਾਸ ਉਹਨਾ ਦੇ ਪੱਤਰ ਨੰ: 3030 ਮਿਤੀ 13-11-24 ਦੇ ਸਬੰਧ ਵਿੱਚ।
3. ਉਪ ਮੰਡਲ ਮੈਜਿਸਟਰੇਟ, ਬਠਿੰਡਾ ਪਾਸ ਉਹਨਾਂ ਦੇ ਪੱਤਰ ਨੰ:740 ਮਿਤੀ 07-11-24 ਦੇ ਸਬੰਧ
4. ਜ਼ਿਲ੍ਹਾ ਫਾਇਰ ਅਫ਼ਸਰ, ਬਠਿੰਡਾ ਪਾਸ ਉਹਨਾਂ ਦੇ ਪੱਤਰ ਨੰ: 524 ਮਿਤਹ 25-10-24 ਦੇ ਸਬੰਧ ਵਿੱਚ ਸੂਚਨਾ ਅਤੇ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ ਗਰੇਡ-1

CamScanner

# ਦਫਤਰ ਡਿਪਟੀ ਕਮਿਸ਼ਨਰ -ਕਮ - ਜਿਲ੍ਹਾ ਮੈਜਿਸਟਰੇਟ, ਬਠਿੰਡਾ।

(ਫੁੱਟਕਲ-2 ਸ਼ਾਖਾ ਕਮਰਾ ਨੰ: 230, ਪਹਿਲੀ ਮੰਜਿਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ)

ਪੱਤਰ ਨੰ: ਐਮ-ਏ.2/ਐਮ.ਸੀ-6/ 4643 ਮਿਤੀ 28-11-2024

ਵੱਲ

ਸ੍ਰੀ ਸੁਭਾਸ਼ ਛਾਬੜਾ
ਨੀਲਾਸ਼ ਇਨਫੋਟੈਕ
ਮੋਬਾਇਲ ਨੰ: 92547-00022

ਵਿਸ਼ਾ:- ਜਾਦੂ ਦਾ ਸ਼ੋਅ ਕਰਨ ਲਈ ਪ੍ਰਵਾਨਗੀ ਦੇਣ ਸਬੰਧੀ।

**ਹਵਾਲਾ: ਆਪ ਦੀ ਦਰਖਾਸਤ ਮਿਤੀ 25-09-2024 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ਾ ਸਬੰਧੀ ਆਪ ਦੀ ਦਰਖਾਸਤ ਮਿਤੀ 25-09-2024 ਦੇ ਸਬੰਧ ਵਿੱਚ ਵੱਖ-ਵੱਖ ਵਿਭਾਗਾਂ ਤੋ ਕਰਵਾਈ ਗਈ ਪੜਤਾਲ ਦੇ ਅਧਾਰ ਤੇ ਆਪ ਨੂੰ ਮਿਤੀ 02-11-2024 ਤੋ 07-12-2024 ਤੱਕ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਉੜਾਂਗ ਸਿਨੇਮਾ ਬਠਿੰਡਾ ਵਿਖੇ ਜਾਦੂ ਦਾ ਸ਼ੋਅ ਕਰਨ ਦੀ ਮਨਜੂਰੀ ਦਿੱਤੀ ਜਾਂਦੀ ਹੈ:-

1. ਇਸ ਸ਼ੋਅ ਦੌਰਾਨ ਵੱਲੋਂ ਅਵਾਜ਼ ਪ੍ਰਦੂਸ਼ਣ ਐਕਟ, 1959 ਦੀਆਂ ਧਾਰਾਵਾਂ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੀ ਰਿੱਟ ਪਟੀਸ਼ਨ (ਸਿਵਲ) ਨੰਬਰ 72 ਆਫ 1998 ਬਾਬਤ Noise Pollution (Regulation and Control) ਵਿੱਚ ਕੀਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇਗੀ।
2. ਇਸ ਸ਼ੋਅ ਦੌਰਾਨ ਪ੍ਰਬੰਧਕਾਂ ਵੱਲੋਂ ਲਾਊਡ ਸਪੀਕਰ ਚਲਾਉਣ ਦੀ ਆਗਿਆ ਨਿਯਮਾਂ ਅਨੁਸਾਰ ਵੱਖਰੇ ਤੌਰ ਤੇ ਸਮਰੱਥ ਅਧਿਕਾਰੀ ਪਾਸੋਂ ਲਈ ਜਾਵੇਗੀ ਅਤੇ ਬਿਨ੍ਹਾ ਆਗਿਆ ਤੋਂ ਲਾਊਡ ਸਪੀਕਰ ਚਲਾਉਣ ਦੀ ਸੂਰਤ ਵਿੱਚ ਸਮੇਤ ਲਾਊਡ ਸਪੀਕਰ ਅਤੇ ਬਾਕੀ ਯੰਤਰਾਂ ਨੂੰ ਜ਼ਬਤ ਕਰ ਲਿਆ ਜਾਵੇਗਾ।
3. ਇਸ ਸ਼ੋਅ ਦੌਰਾਨ ਐਡਵਰਟਾਈਜਮੈਂਟ ਸਬੰਧੀ ਨਿਯਮਾਂ ਦੀ ਪਾਲਣਾ, ਆਲੇ ਦੁਆਲੇ ਦੀ ਸਫਾਈ ਅਤੇ ਅੱਗ ਬੁਝਾਉ ਯੰਤਰਾਂ ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇਗਾ ਅਤੇ ਫਾਇਰ ਸੇਫਟੀ ਦੇ ਪ੍ਰਬੰਧ ਨਗਰ ਨਿਗਮ ਤੋਂ ਚੈੱਕ ਕਰਵਾਉਣ ਦੇ ਪਾਬੰਦ ਹੋਵੋਂਗੇ।
4. ਇਸ ਸ਼ੋਅ ਦੌਰਾਨ ਆਮ ਪਬਲਿਕ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਟਰੈਫਿਕ ਨਿਯਮਾਂ ਦੀ ਪਾਲਣਾ ਕੀਤੀ ਜਾਵੇ ਅਤੇ ਟਰੈਫਿਕ ਜਾਮ ਨਾ ਕੀਤਾ ਜਾਵੇ।
5. ਇਸ ਸ਼ੋਅ ਦੌਰਾਨ ਕੋਈ ਭੜਕਾਊ ਭਾਸ਼ਣਬਾਜੀ ਨਾ ਕੀਤੀ ਜਾਵੇ ਜਿਸ ਨਾਲ ਪਬਲਿਕ ਦੇ ਭੜਕਣ ਦਾ ਖਤਰਾ ਅਤੇ ਕਾਨੂੰਨ ਵਿਵਸਥਾ ਦੀ ਸਥਿਤੀ ਖਰਾਬ ਹੋਵੇ। ਇਸ ਤੋਂ ਇਲਾਵਾ ਅਜਿਹਾ ਕੋਈ ਬੈਨਰ ਵੀ ਨਾ ਲਾਇਆ ਜਾਵੇ, ਜਿਸ ਬਾਰੇ ਆਮ ਜਨਤਾ ਧਾਰਮਿਕ/ਸਮਾਜਿਕ ਸੰਸਥਾਵਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਇਤਰਾਜ ਹੋਵੇ।
6. ਸੋਅ ਦੌਰਾਨ ਅਜਿਹਾ ਕੋਈ ਸਟੰਟ ਜਾਂ ਆਈਟਮ ਪੇਸ਼ ਨਾ ਕੀਤੀ ਜਾਵੇ ਜਿਸ ਨਾਲ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੋਵੇ।
7. ਇਸ ਸ਼ੋਅ ਦੌਰਾਨ ਐਬੂਲੈਂਸ, ਡਾਕਟਰਾਂ ਦੀ ਟੀਮ ਅਤੇ ਸਕਿਊਰਟੀ ਆਦਿ ਦਾ ਪ੍ਰਬੰਧ ਆਪਣੇ ਪੱਧਰ ਤੇ ਕੀਤਾ ਜਾਵੇਗਾ।
8. ਇਸ ਸ਼ੋਅ ਸੁਰੂ ਕਰਨ ਤੋਂ ਪਹਿਲਾਂ ਬਣਦਾ ਕਿਰਾਇਆ ਅਤੇ ਸਕਿਊਰਟੀ ਦੀ ਰਕਮ ਸਬੰਧਤ ਵਿਭਾਗ ਪਾਸ ਜਮ੍ਹਾ ਕਰਵਾਉਣ ਦੇ ਪਾਬੰਦ ਹੋਣਗੇ।ਇਸ ਤੋਂ ਇਲਾਵਾ ਪ੍ਰਬੰਧਕ ਕਿਸੇ ਵੀ ਵਿਭਾਗ ਦਾ ਕੋਈ ਵੀ ਬਣਦਾ ਟੈਕਸ ਬਕਾਇਆ ਜਮ੍ਹਾਂ ਕਰਵਾਉਣ ਦੇ ਪਾਬੰਦ ਹੋਵੋਂਗੇ।
9. ਸ਼ੋਅ ਦੌਰਾਨ ਮਾੜੇ ਪ੍ਰਬੰਧਾ ਨੂੰ ਲੈ ਕੇ ਜੇਕਰ ਕੋਈ ਘਟਨਾ ਵਾਪਰਦੀ ਹੈ ਜਾਂ ਕਿਸੇ ਦਾ ਕੋਈ ਜਾਨੀ ਮਾਲੀ ਨੁਕਸਾਨ ਹੁੰਦਾ ਹੈ ਤਾ ਇਸ ਦੀ ਜਿੰਮੇਵਾਰੀ ਆਪ ਦੀ ਹੋਵੇਗੀ।
10. ਇਹ ਪ੍ਰਵਾਨਗੀ ਇਸ ਸ਼ਰਤ ਤੇ ਅਧਾਰਿਤ ਹੋਵੇਗੀ ਕਿ ਸ਼ੋਅ ਦੌਰਾਨ ਸੁੱਰਖਿਆਂ ਦੇ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣਗੇ
11. ਇਸ ਸ਼ੋਅ ਦੌਰਾਨ ਕੋਈ ਵੀ ਅਜਿਹਾ ਪ੍ਰਦਰਸ਼ਨ ਨਹੀ ਕੀਤਾ ਜਾਵੇਗਾ ਜੋ ਅੰਧਵਿਸ਼ਵਾਸ਼ ਨੂੰ ਉਤਸ਼ਾਹਿਤ ਕਰਦਾ ਹੋਵੇ।

11\. ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀਆਂ ਗਈਆਂ Guidelines/Advisory 2018 ਮੁਤਾਬਕ ਪ੍ਰੋਗਰਾਮ ਕੀਤਾ ਜਾਵੇ।

12 ਸ਼ੋਅ ਦੌਰਾਨ ਕਾਨੂੰਨ ਵਿਵਸਥਾ ਜਾਂ ਹੋਰ ਕਿਸੇ ਕਿਸਮ ਦੀ ਸਮੱਸਿਆ ਪੈਦਾ ਹੋਣ ਦੀ ਸੂਰਤ ਅਤੇ ਉਪਰੋਕਤ ਹਦਾਇਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਇਸ ਦਫਤਰ ਵੱਲੋਂ ਦਿੱਤੀ ਗਈ ਮਨਜੂਰੀ ਨੂੰ ਰੱਦ ਕਰਨ ਦਾ ਪੂਰਾ ਅਧਿਕਾਰ ਇਸ ਦਫਤਰ ਪਾਸ ਹੋਵੇਗਾ।

13\. ਇਸ ਸ਼ੋਅ ਦੌਰਾਨ ਲਾਗੂ ਸਾਰੇ ਕਾਨੂੰਨਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

ਸੁਪਰਡੰਟ ਗਰੇਡ-1

CamScanner